ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**GURU NANAK DEV UNIVERSITY, AMRITSAR**
(Established by the State Legislature Act No. 21 of 1969)
**Accredited at 'A++' grade level by NAAC and awarded**
**"University with Potential for Excellence" status by UGC.**

No: 12079-12216/ਕਾਲਜਾਂ
Date: 26/7/18

ਇਸ ਯੂਨੀਵਰਸਿਟੀ ਨਾਲ ਸਬੰਧਿਤਾ ਪ੍ਰਾਪਤ
ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।
(ਸਰਕਾਰੀ ਕਾਲਜ, ਯੂਨੀਵਰਸਿਟੀ ਕਾਲਜ ਅਤੇ ਕਾਂਸਟੀਚਿਊਟ ਕਾਲਜਾਂ ਨੂੰ ਛੱਡ ਕੇ)

**ਵਿਸ਼ਾ: ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਗੈਰ-ਸਰਕਾਰੀ ਕਾਲਜਾਂ ਵਿੱਚ ਪ੍ਰਿੰਸੀਪਲ, ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀ ਨਿਯੁਕਤੀ ਕਰਨ ਸਮੇਂ ਅਪਨਾਇਆ ਜਾਣ ਵਾਲਾ ਪ੍ਰੋਸੀਜਰ ।**

ਸ੍ਰੀਮਾਨ ਜੀ/ਮੈਡਮ,

ਉਕਤ ਦੇ ਸਬੰਧ ਵਿੱਚ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 04.06.2018 ਵਲੋਂ ਸੁਝਾਈਆਂ ਗਈਆਂ ਗਾਈਡਲਾਈਨਜ਼, ਜੋ ਕਿ ਉਪ-ਕੁਲਪਤੀ ਜੀ ਵਲੋਂ ਪ੍ਰਵਾਨ ਕੀਤੀਆਂ ਗਈਆਂ ਹਨ, ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਭੇਜੀ ਜਾ ਰਹੀ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਾਲਜ ਵਿਖੇ ਪ੍ਰਿੰਸੀਪਲ, ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀਆਂ ਨਿਯੁਕਤੀਆਂ ਕਰਨ ਸਮੇਂ ਇਸ ਪ੍ਰੋਸੀਜਰ ਨੂੰ ਅਪਨਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ, ਜੀ।

ਵਿਸਵਾਸ-ਪਾਤਰ

26-7-18
ਸਹਾਇਕ ਰਜਿਸਟਰਾਰ (ਕਾਲਜਾਂ)
ਵਾਸਤੇ ਡੀਨ, ਕਾਲਜ ਵਿਕਾਸ ਕੌਂਸਲ

ਨੱਥੀ: ਉਪਰੋਕਤ ਅਨੁਸਾਰ

## ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

### ਕਾਲਜ ਸ਼ਾਖਾ

ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਗੈਰ ਸਰਕਾਰੀ ਕਾਲਜਾਂ ਵਿੱਚ ਪ੍ਰਿੰਸੀਪਲ/ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਦੀਆਂ ਨਿਯੁਕਤੀਆਂ ਕਰਨ ਲਈ ਜਾਰੀ ਗਾਈਡਲਾਈਨਜ਼ ਵਿੱਚ ਸੋਧਾਂ ਕਰਨ ਸਬੰਧੀ ਮਾਮਲੇ ਨੂੰ ਵਿਚਾਰਨ ਲਈ ਉਪ-ਕੁਲਪਤੀ ਜੀ ਵਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 04.06.2018 ਨੂੰ ਬਾਅਦ ਦੁਪਹਿਰ 03:30 ਵਜੇ ਡੀਨ, ਵਿਦਿਅਕ ਮਾਮਲੇ ਜੀ ਦੇ ਦਫਤਰ ਵਿਖੇ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ :-

1. **ਡੀਨ, ਵਿਦਿਅਕ ਮਾਮਲੇ**
2. **ਰਜਿਸਟਰਾਰ**
3. **ਡੀਨ, ਕਾਲਜ ਵਿਕਾਸ ਕੌਂਸਲ**
4. **ਡਾ. ਗੁਰਪਿੰਦਰ ਸਿੰਘ ਸਮਰਾ, ਪ੍ਰਧਾਨ, ਪ੍ਰਿੰਸੀਪਲ ਐਸੋਸੀਏਸ਼ਨ**

ਮੈਂਬਰ ਸਾਹਿਬਾਨ ਵਲੋਂ ਉਕਤ ਮਾਮਲੇ ਨੂੰ ਘੋਖਣ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ ਹਨ:-

| **Existing** | **Proposed** |
|---|---|
| 1. ਇਸ਼ਤਿਹਾਰ ਦੇਣ ਸਬੰਧੀ<br><br>ਪੰਜਾਬ ਦੀਆਂ ਘੱਟੋ-ਘੱਟ ਦੋ ਮੁੱਖ ਅਖਬਾਰਾਂ ਵਿੱਚ ਆਸਾਮੀ ਲਈ ਇਸ਼ਤਿਹਾਰ ਦਿੱਤਾ ਜਾਵੇ। ਇਨ੍ਹਾਂ ਮਿਆਰੀ ਅਖਬਾਰਾਂ ਵਿੱਚ ਇਕ ਅੰਗਰੇਜ਼ੀ ਦੀ ਹੋਵੇ ਅਤੇ ਦੂਸਰੀ ਪੰਜਾਬੀ ਦੀ। **ਇਸ਼ਤਿਹਾਰ ਦੇਣ ਸਮੇਂ ਨਾਲ ਨੱਥੀ ਰੂਪ-ਰੇਖਾ ਨੂੰ ਧਿਆਨ ਵਿੱਚ ਰੱਖਿਆ ਜਾਵੇ,** ਜਿਸ ਵਿੱਚ ਘੱਟੋ-ਘੱਟ 15 ਦਿਨਾਂ ਦਾ ਸਮਾਂ ਅਤੇ ਵੱਧ ਤੋਂ ਵੱਧ 21 ਦਿਨਾਂ ਦਾ ਸਮਾਂ ਅਰਜ਼ੀਆਂ ਮੰਗਣ ਵਾਸਤੇ ਦਿੱਤਾ ਜਾਵੇ ਅਤੇ **ਸਾਰੀਆਂ ਅਰਜ਼ੀਆਂ ਰਜਿਸਟਰਡ ਡਾਕ ਰਾਹੀਂ ਹੀ ਮੰਗਵਾਈਆਂ ਜਾਣ।** ਪਹਿਲੇ ਇਸ਼ਤਿਹਾਰ ਵਿੱਚ 15 ਦਿਨ ਦਾ ਸਮਾਂ ਦੇਣ ਉਪਰੰਤ ਜੇਕਰ ਤਿੰਨ ਯੋਗ ਉਮੀਦਵਾਰਾਂ ਦੇ ਬਿਨੈ-ਪੱਤਰ ਪ੍ਰਾਪਤ ਨਹੀਂ ਹੁੰਦੇ ਤਾਂ **ਪਹਿਲੇ ਦਿੱਤੇ ਇਸ਼ਤਿਹਾਰ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਸਿੰਡੀਕੇਟ ਦੇ ਪੈਰ੍ਹੇ ਅਨੁਸਾਰ ਦੁਬਾਰਾ ਇਸ਼ਤਿਹਾਰ ਦਿੱਤਾ ਜਾਵੇ (ਪੈਰ੍ਹੇ ਦੀ ਕਾਪੀ ਨਾਲ ਨੱਥੀ ਹੈ)।** ਇਸ਼ਤਿਹਾਰ ਕੀਤੀ ਆਸਾਮੀ ਲਈ ਆਏ ਬਿਨੈ-ਪੱਤਰਾਂ ਦੇ ਆਧਾਰ ਤੇ **ਇੰਟਰਵਿਊ ਕਰਵਾਉਣ ਲਈ ਇਹ ਬਿਨੈ-ਪੱਤਰ/ਅਰਜ਼ੀਆਂ ਆਉਣ ਦੀ ਨਿਸ਼ਚਿਤ ਆਖਰੀ ਮਿਤੀ ਤੋਂ ਇਕ ਮਹੀਨੇ ਦੇ ਵਿੱਚ ਵਿੱਚ ਇੰਟਰਵਿਊ ਕਰਵਾ ਲਈ ਜਾਵੇ।** ਇੰਟਰਵਿਊ ਤੇ ਉਮੀਦਵਾਰਾਂ ਨੂੰ ਬੁਲਾਉਣ ਲਈ ਹੇਠ ਲਿਖੇ ਨਾਰਮਜ਼ ਅਨੁਸਾਰ ਕਾਰਵਾਈ ਕੀਤੀ ਜਾਵੇ:- | 1. ਇਸ਼ਤਿਹਾਰ ਦੇਣ ਸਬੰਧੀ<br><br>ਪੰਜਾਬ ਦੀਆਂ ਘੱਟੋ-ਘੱਟ ਦੋ ਮੁੱਖ ਅਖਬਾਰਾਂ ਵਿੱਚ ਆਸਾਮੀ ਲਈ ਇਸ਼ਤਿਹਾਰ ਦਿੱਤਾ ਜਾਵੇ। ਇਨ੍ਹਾਂ ਮਿਆਰੀ ਅਖਬਾਰਾਂ ਵਿੱਚ ਇਕ ਅੰਗਰੇਜ਼ੀ ਦੀ ਹੋਵੇ ਅਤੇ ਦੂਸਰੀ ਪੰਜਾਬੀ ਦੀ।**ਇਸ਼ਤਿਹਾਰ ਯੂਨੀਵਰਸਿਟੀ ਵਲੋਂ CDC Portal ਤੇ ਮੌਜੂਦ Sample ਅਨੁਸਾਰ ਹੀ ਦਿੱਤਾ ਜਾਵੇ,** ਜਿਸ ਵਿੱਚ ਘੱਟੋ-ਘੱਟ 15 ਦਿਨਾਂ ਦਾ ਸਮਾਂ ਅਤੇ ਵੱਧ ਤੋਂ ਵੱਧ 21 ਦਿਨਾਂ ਦਾ ਸਮਾਂ ਅਰਜ਼ੀਆਂ ਮੰਗਣ ਵਾਸਤੇ ਦਿੱਤਾ ਜਾਵੇ ਅਤੇ **ਸਾਰੀਆਂ ਅਰਜ਼ੀਆਂ ਰਜਿਸਟਰਡ ਡਾਕ/ਸਪੀਡ ਪੋਸਟ ਰਾਹੀਂ ਹੀ ਮੰਗਵਾਈਆਂ ਜਾਣ।** ਪਹਿਲੇ ਇਸ਼ਤਿਹਾਰ ਵਿੱਚ 15 ਦਿਨ ਦਾ ਸਮਾਂ ਦੇਣ ਉਪਰੰਤ ਜੇਕਰ ਤਿੰਨ ਯੋਗ ਉਮੀਦਵਾਰਾਂ ਦੇ ਬਿਨੈ-ਪੱਤਰ ਪ੍ਰਾਪਤ ਨਹੀਂ ਹੁੰਦੇ ਤਾਂ **ਪਹਿਲੇ ਦਿੱਤੇ ਇਸ਼ਤਿਹਾਰ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਸਿੰਡੀਕੇਟ ਦੀ ਇਕੱਤਰਤਾ ਮਿਤੀ 28.06.2007 ਦੇ ਪੈਰ੍ਹਾ 22 ਅਨੁਸਾਰ ਦੁਬਾਰਾ ਇਸ਼ਤਿਹਾਰ ਦਿੱਤਾ ਜਾਵੇ।** ਇਸ਼ਤਿਹਾਰ ਕੀਤੀ ਆਸਾਮੀ ਲਈ ਆਏ ਬਿਨੈ-ਪੱਤਰਾਂ ਦੇ ਆਧਾਰ ਤੇ **ਇੰਟਰਵਿਊ ਕਰਵਾਉਣ ਲਈ ਇਹ ਬਿਨੈ-ਪੱਤਰ/ਅਰਜ਼ੀਆਂ ਆਉਣ ਦੀ ਨਿਸ਼ਚਿਤ ਆਖਰੀ ਮਿਤੀ ਤੋਂ ਦੋ ਮਹੀਨੇ ਦੇ ਵਿੱਚ ਵਿੱਚ ਇੰਟਰਵਿਊ ਕਰਵਾ ਲਈ ਜਾਵੇ।** ਇੰਟਰਵਿਊ ਤੇ ਉਮੀਦਵਾਰਾਂ ਨੂੰ ਬੁਲਾਉਣ ਲਈ ਹੇਠ ਲਿਖੇ ਨਾਰਮਜ਼ ਅਨੁਸਾਰ ਕਾਰਵਾਈ ਕੀਤੀ ਜਾਵੇ:- |

| | |
|---|---|
| ਇਕ ਆਸਾਮੀ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 6 ਯੋਗ ਉਮੀਦਵਾਰ | ਇਕ ਆਸਾਮੀ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 6 ਯੋਗ ਉਮੀਦਵਾਰ |
| ਦੋ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 10 ਯੋਗ ਉਮੀਦਵਾਰ | ਦੋ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 10 ਯੋਗ ਉਮੀਦਵਾਰ |
| ਤਿੰਨ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 12 ਯੋਗ ਉਮੀਦਵਾਰ | ਤਿੰਨ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 12 ਯੋਗ ਉਮੀਦਵਾਰ |
| ਚਾਰ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 14 ਯੋਗ ਉਮੀਦਵਾਰ | ਚਾਰ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 14 ਯੋਗ ਉਮੀਦਵਾਰ |
| ਪੰਜ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 16 ਯੋਗ ਉਮੀਦਵਾਰ | ਪੰਜ ਆਸਾਮੀਆਂ ਲਈ - ਵਿਸ਼ੇ ਵਿੱਚ ਵੱਧ ਤੋਂ ਵੱਧ 16 ਯੋਗ ਉਮੀਦਵਾਰ |
| ਅਖਬਾਰਾਂ ਵਿੱਚ **ਲੈਕਚਰਾਰਾਂ** ਦੀ ਚੋਣ ਸਬੰਧੀ ਦਿੱਤਾ ਇਸ਼ਤਿਹਾਰ ਬਿਲਕੁਲ ਸਪੱਸ਼ਟ ਹੋਵੇ, ਜਿਸ ਵਿੱਚ ਕਾਲਜ ਦਾ ਨਾਮ ਦਿੱਤਾ ਜਾਵੇ (ਇਸ਼ਤਿਹਾਰ ਵਿੱਚ ਪੋਸਟ ਬਾਕਸ ਦਾ ਹਵਾਲਾ ਹਰਗਿਜ਼ ਨਾ ਦਿੱਤਾ ਜਾਵੇ) ਆਸਾਮੀਆਂ ਦੀ ਗਿਣਤੀ, **ਆਸਾਮੀ ਦੀ ਕਿਸਮ (ਅੰਸ਼ਕਾਲੀ/ਅਰਜ਼ੀ/ਐਡਹਾਕ/ਲੀਵ ਅਧੀਨ/ਪੱਕੀ)** ਪਰ ਇਸ ਵਿੱਚ ਆਸਾਮੀ ਜਾਰੀ ਰੱਖਣ/ਪੱਕੇ ਹੋਣ ਦੀ ਸੰਭਾਵਨਾ ਦਾ ਜ਼ਿਕਰ ਹਰਗਿਜ਼ ਨਾ ਕੀਤਾ ਜਾਵੇ, ਕਿਉਂਜੋ ਅਜਿਹੇ ਕੇਸਾਂ ਵਿੱਚ ਕਾਨੂੰਨੀ ਸਮੱਸਿਆ ਉਤਪੰਨ ਹੋ ਜਾਂਦੀ ਹੈ। ਅਖਬਾਰਾਂ ਵਿੱਚ ਕਾਲਜ ਦਾ ਨਾਮ ਨਾ ਦੇਣ ਦੀ ਸੂਰਤ ਵਿੱਚ ਚੋਣ ਰੱਦ ਹੋ ਜਾਵੇਗੀ। ਕਾਲਜ **ਲੈਕਚਰਾਰ** ਦੀ ਚੋਣ/ਨਿਯੁਕਤੀ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਮੁਤਾਬਿਕ ਹੀ ਕੀਤੀ ਜਾਵੇ, ਕਿਉਂਜੋ ਯੂਨੀਵਰਸਿਟੀ ਵਲੋਂ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਮੁਤਾਬਿਕ ਹੀ ਪ੍ਰਵਾਨਗੀ ਦਿੱਤੀ ਜਾਵੇਗੀ। | ਅਖਬਾਰਾਂ ਵਿੱਚ **ਅਸਿਸਟੈਂਟ ਪ੍ਰੋਫੈਸਰਾਂ** ਦੀ ਚੋਣ ਸਬੰਧੀ ਦਿੱਤਾ ਇਸ਼ਤਿਹਾਰ ਬਿਲਕੁਲ ਸਪੱਸ਼ਟ ਹੋਵੇ, ਜਿਸ ਵਿੱਚ ਕਾਲਜ ਦਾ ਨਾਮ ਦਿੱਤਾ ਜਾਵੇ (ਇਸ਼ਤਿਹਾਰ ਵਿੱਚ ਪੋਸਟ ਬਾਕਸ ਦਾ ਹਵਾਲਾ ਹਰਗਿਜ਼ ਨਾ ਦਿੱਤਾ ਜਾਵੇ) ਆਸਾਮੀਆਂ ਦੀ ਗਿਣਤੀ, **ਆਸਾਮੀ ਦੀ ਕਿਸਮ (ਲੀਵ ਅਧੀਨ/ਕੰਟਰੈਕਟ/ਪੱਕੀ)** ਪਰ ਇਸ ਵਿੱਚ ਆਸਾਮੀ ਜਾਰੀ ਰੱਖਣ/ਪੱਕੇ ਹੋਣ ਦੀ ਸੰਭਾਵਨਾ ਦਾ ਜ਼ਿਕਰ ਹਰਗਿਜ਼ ਨਾ ਕੀਤਾ ਜਾਵੇ, ਕਿਉਂਜੋ ਅਜਿਹੇ ਕੇਸਾਂ ਵਿੱਚ ਕਾਨੂੰਨੀ ਸਮੱਸਿਆ ਉਤਪੰਨ ਹੋ ਜਾਂਦੀ ਹੈ। ਅਖਬਾਰਾਂ ਵਿੱਚ ਕਾਲਜ ਦਾ ਨਾਮ ਨਾ ਦੇਣ ਦੀ ਸੂਰਤ ਵਿੱਚ ਚੋਣ ਰੱਦ ਹੋ ਜਾਵੇਗੀ। ਕਾਲਜ **ਅਸਿਸਟੈਂਟ ਪ੍ਰੋਫੈਸਰ** ਦੀ ਚੋਣ/ਨਿਯੁਕਤੀ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਮੁਤਾਬਿਕ ਹੀ ਕੀਤੀ ਜਾਵੇ, ਕਿਉਂਜੋ ਯੂਨੀਵਰਸਿਟੀ ਵਲੋਂ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਮੁਤਾਬਿਕ ਹੀ ਪ੍ਰਵਾਨਗੀ ਦਿੱਤੀ ਜਾਵੇਗੀ। |
| **2. ਇੰਟਰਵਿਊ ਪੱਤਰ ਭੇਜਣ ਬਾਰੇ।** | **2. ਇੰਟਰਵਿਊ ਪੱਤਰ ਭੇਜਣ ਬਾਰੇ– ਕੋਈ ਸੋਧ ਨਹੀਂ ਕੀਤੀ ਗਈ।** |
| ਇਸ਼ਤਿਹਾਰ ਕੀਤੀ ਆਸਾਮੀ ਦੀਆਂ ਯੋਗਤਾਵਾਂ ਪੂਰੀਆਂ ਕਰਨ ਵਾਲੇ ਉਮੀਦਵਾਰਾਂ ਨੂੰ ਹੀ ਕੇਵਲ ਰਜਿਸਟਰਡ-ਪੱਤਰ ਰਾਹੀਂ ਇੰਟਰਵਿਊ ਲਈ ਬੁਲਾਇਆ ਜਾਵੇ। ਯੋਗ ਉਮੀਦਵਾਰਾਂ ਸਬੰਧੀ ਫੈਸਲਾ ਕਰਨ ਲਈ ਇਕ ਕਮੇਟੀ ਸਬੰਧਤ ਕਾਲਜ ਦੇ ਪ੍ਰਿੰਸੀਪਲ ਦੁਆਰਾ ਸੰਗਠਿਤ ਕੀਤੀ ਜਾਵੇ ਅਤੇ ਰੱਦ ਕੀਤੇ ਜਾਣ ਵਾਲੇ ਉਮੀਦਵਾਰਾਂ ਦੀਆਂ ਅਰਜ਼ੀਆਂ ਸਬੰਧੀ ਕਾਰਨ ਬਕਾਇਦਾ ਤੌਰ ਉਤੇ ਦੱਸੇ ਜਾਣ। ਇਸ ਕਮੇਟੀ ਦੀਆਂ ਸਿਫਾਰਸਾਂ ਚੋਣ ਕਮੇਟੀ ਅੱਗੇ ਪੇਸ਼ | |

ਕੀਤੀਆਂ ਜਾਣੀਆਂ ਜ਼ਰੂਰੀ ਹਨ ਅਤੇ ਅਰਜ਼ੀਆਂ ਦਾ ਬਕਾਇਦਾ ਰਿਕਾਰਡ ਵੀ ਰੱਖਿਆ ਜਾਵੇ। ਇੰਟਰਵਿਊ ਲਈ ਸੱਦਾ-ਪੱਤਰ ਚੋਣ ਅਤੇ ਇੰਟਰਵਿਊ ਦੀ ਮਿਤੀ ਵਿੱਚ ਘੱਟੋ-ਘੱਟ 10 ਦਿਨਾਂ ਵਕਫਾ ਹੋਣ ਲਾਜ਼ਮੀ ਹੈ।

3. ਚੋਣ ਕਮੇਟੀ

ਹਰ ਚੋਣ ਕਮੇਟੀ ਵਿੱਚ ਕੁਲਪਤੀ ਸਾਹਿਬ ਦਾ ਨੁਮਾਇੰਦਾ ਬੁਲਾਇਆ ਜਾਣਾ ਲਾਜ਼ਮੀ ਹੈ। ਕੁਲਪਤੀ ਸਾਹਿਬ ਦਾ ਨਾਮੀਨੀ ਬੁਲਾਉਣ ਲਈ ਪੱਤਰ ਇੰਟਰਵਿਊ ਦੀ ਮਿਤੀ ਤੋਂ 15 ਦਿਨ ਪਹਿਲਾਂ ਸਕੱਤਰ, ਕੁਲਪਤੀ ਸਾਹਿਬ ਜੀ ਦੇ ਦਫਤਰ ਨੂੰ ਭੇਜਿਆ ਜਾਵੇ। ਚੋਣ ਕਮੇਟੀ ਵਲੋਂ ਉਮੀਦਵਾਰ ਦੀ ਚੋਣ ਕਰਨ ਸਮੇਂ ਇਹ ਧਿਆਨ ਨਾਲ ਚੈੱਕ ਕਰ ਲਿਆ ਜਾਵੇ ਕਿ ਉਮੀਦਵਾਰ ਇਸ ਆਸਾਮੀ ਲਈ ਨਿਰਧਾਰਿਤ ਸਾਰੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦਾ ਹੈ। ਚੋਣ ਕਮੇਟੀ ਨੂੰ ਉਮੀਦਵਾਰ ਦੀ ਚੋਣ ਕਰਨ ਸਮੇਂ ਯੂਨੀਵਰਸਿਟੀ ਵਲੋਂ ਜਾਰੀ ਸਕੋਰ ਕਾਰਡ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਨਿਯੁਕਤੀ ਉਸ ਅਨੁਸਾਰ ਹੀ ਕਰਨੀ ਚਾਹੀਦੀ ਹੈ। **ਕੰਟਰੈਕਟ ਆਧਾਰ ਤੇ ਨਿਯੁਕਤੀਆਂ ਸਿੰਡੀਕੇਟ ਦੀ ਇਕੱਤਰਤਾ ਮਿਤੀ 09.03.2008 ਦੇ ਪੈਰ੍ਹਾ 4 ਅਨੁਸਾਰ ਹੀ ਕੀਤੀਆਂ ਜਾਣ (ਜਿਸ ਦੀ ਕਾਪੀ ਨਾਲ ਨੱਥੀ ਹੈ)।** ਚੋਣ ਕਮੇਟੀ ਦੀ ਇਕੱਤਰਤਾ ਲਈ ਸਕੱਤਰ, ਕੁਲਪਤੀ ਸਾਹਿਬ ਜੀ ਦੇ ਦਫਤਰ ਨੂੰ ਪੱਤਰ ਭੇਜਣ ਸਮੇਂ ਪੂਰੀ ਸੂਚਨਾ ਭੇਜੀ ਜਾਵੇ ਭਾਵ ਇੰਟਰਵਿਊ ਦੀ ਮਿਤੀ ਅਤੇ ਸਮਾਂ, ਇਸ਼ਤਿਹਾਰਾਂ ਦੀਆਂ ਕਾਪੀਆਂ ਹਰੇਕ ਵਿਸ਼ੇ ਵਿੱਚ ਕੇਵਲ ਯੋਗ ਉਮੀਦਵਾਰਾਂ ਦੇ ਸਿਨਾਪਸਿਜ਼, ਆਸਾਮੀ ਕਵਰਡ ਹੈ ਜਾਂ ਅਨਕਵਰਡ, ਜੇਕਰ ਕੋਈ ਕੋਰਟ ਕੇਸ ਹੈ ਤਾਂ ਉਸ ਦਾ ਵੇਰਵਾ ਆਦਿ ਸਕੱਤਰ, ਕੁਲਪਤੀ ਸਾਹਿਬ ਜੀ ਦੇ ਦਫਤਰ ਨੂੰ ਭੇਜਿਆ ਜਾਵੇ। ਇਸ਼ਤਿਹਾਰ ਦੀ ਕਾਪੀ ਭੇਜਦੇ ਹੋਏ ਆਸਾਮੀ ਦਾ ਕਾਰਨ ਅਤੇ ਵਿਸਤ੍ਰਿਤ ਜਾਣਕਾਰੀ ਦਿੱਤੀ ਜਾਵੇ। ਚੋਣ ਕਮੇਟੀ ਨੂੰ ਸਭ ਤੋਂ ਪਹਿਲਾਂ ਆਸਾਮੀ ਦੀ ਸਥਿਤੀ, ਕਿੰਨ੍ਹੀਆਂ ਆਸਾਮੀਆਂ ਇਸ਼ਤਿਹਾਰ ਵਿੱਚ ਦਿੱਤੀਆਂ ਗਈਆਂ ਹਨ, ਕਿੰਨ੍ਹੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਕਿੰਨ੍ਹੇ ਉਮੀਦਵਾਰਾਂ ਨੂੰ ਇੰਟਰਵਿਊ ਪੱਤਰ ਭੇਜੇ ਹਨ ਆਦਿ ਦਾ ਵੇਰਵਾ ਦੇਣਾ ਲਾਜ਼ਮੀ ਹੋਵੇਗਾ। ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨਿਰਧਾਰਿਤ ਪ੍ਰੋਫਾਰਮੇ ਉਤੇ ਭੇਜੀਆਂ ਜਾਣ, ਜਿਸ ਦੀ ਇਕ ਕਾਪੀ ਕੁਲਪਤੀ ਸਾਹਿਬ ਦਾ ਨੁਮਾਇੰਦਾ ਦਸਤੀ ਨਾਲ ਲੈ ਕੇ ਆਵੇਗਾ। ਕਾਲਜ **ਲੈਕਚਰਾਰਾਂ** ਦੀ ਚੋਣ, ਯੂਨੀਵਰਸਿਟੀ ਵਲੋਂ ਨਿਰਧਾਰਿਤ ਵਿਦਿਅਕ ਯੋਗਤਾਵਾਂ, ਜੋ ਕਾਲਜਾਂ ਨੂੰ ਸਮੇਂ-ਸਮੇਂ ਸਿਰ ਭੇਜੀਆਂ ਜਾਂਦੀਆਂ ਹਨ, ਅਨੁਸਾਰ ਹੀ ਕੀਤੀ ਜਾਵੇ ਅਤੇ ਇਹ ਯੋਗਤਾਵਾਂ ਚੋਣ ਕਮੇਟੀ ਦੇ ਗਿਆਤ ਹਿੱਤ ਵੀ ਜ਼ਰੂਰ ਲਿਆਂਦੀਆਂ ਜਾਣ। ਕਾਲਜ **ਲੈਕਚਰਾਰ** ਦੀ ਨਿਯੁਕਤੀ

3. ਚੋਣ ਕਮੇਟੀ

ਹਰ ਚੋਣ ਕਮੇਟੀ ਵਿੱਚ ਉਪ-ਕੁਲਪਤੀ ਸਾਹਿਬ ਦਾ ਨੁਮਾਇੰਦਾ ਬੁਲਾਇਆ ਜਾਣਾ ਲਾਜ਼ਮੀ ਹੈ। ਉਪ-ਕੁਲਪਤੀ ਸਾਹਿਬ ਦਾ ਨਾਮੀਨੀ ਬੁਲਾਉਣ ਲਈ ਪੱਤਰ ਇੰਟਰਵਿਊ ਦੀ ਮਿਤੀ ਤੋਂ 15 ਦਿਨ ਪਹਿਲਾਂ ਸਕੱਤਰ, ਉਪ-ਕੁਲਪਤੀ ਜੀ ਦੇ ਦਫਤਰ ਨੂੰ ਭੇਜਿਆ ਜਾਵੇ। ਚੋਣ ਕਮੇਟੀ ਵਲੋਂ ਉਮੀਦਵਾਰ ਦੀ ਚੋਣ ਕਰਨ ਸਮੇਂ ਇਹ ਧਿਆਨ ਨਾਲ ਚੈੱਕ ਕਰ ਲਿਆ ਜਾਵੇ ਕਿ ਉਮੀਦਵਾਰ ਇਸ ਆਸਾਮੀ ਲਈ ਨਿਰਧਾਰਿਤ ਸਾਰੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦਾ ਹੈ। ਚੋਣ ਕਮੇਟੀ ਨੂੰ ਉਮੀਦਵਾਰ ਦੀ ਚੋਣ ਕਰਨ ਸਮੇਂ ਯੂਨੀਵਰਸਿਟੀ ਵਲੋਂ ਜਾਰੀ ਸਕੋਰ ਕਾਰਡ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਨਿਯੁਕਤੀ ਉਸ ਅਨੁਸਾਰ ਹੀ ਕਰਨੀ ਚਾਹੀਦੀ ਹੈ। **ਕੰਟਰੈਕਟ ਆਧਾਰ ਤੇ ਨਿਯੁਕਤੀਆਂ ਸਿੰਡੀਕੇਟ ਦੀ ਇਕੱਤਰਤਾ ਮਿਤੀ 09.03.2008 ਦੇ ਪੈਰ੍ਹਾ 4 ਅਨੁਸਾਰ ਹੀ ਕੀਤੀਆਂ ਜਾਣ।** ਚੋਣ ਕਮੇਟੀ ਦੀ ਇਕੱਤਰਤਾ ਲਈ ਸਕੱਤਰ, ਉਪ-ਕੁਲਪਤੀ ਜੀ ਦੇ ਦਫਤਰ ਨੂੰ ਪੱਤਰ ਭੇਜਣ ਸਮੇਂ ਪੂਰੀ ਸੂਚਨਾ ਭੇਜੀ ਜਾਵੇ ਭਾਵ ਇੰਟਰਵਿਊ ਦੀ ਮਿਤੀ ਅਤੇ ਸਮਾਂ, ਇਸ਼ਤਿਹਾਰਾਂ ਦੀਆਂ ਕਾਪੀਆਂ ਹਰੇਕ ਵਿਸ਼ੇ ਵਿੱਚ ਕੇਵਲ ਯੋਗ ਉਮੀਦਵਾਰਾਂ ਦੇ ਸਿਨਾਪਸਿਜ਼, ਆਸਾਮੀ ਕਵਰਡ ਹੈ ਜਾਂ ਅਨਕਵਰਡ, ਜੇਕਰ ਕੋਈ ਕੋਰਟ ਕੇਸ ਹੈ ਤਾਂ ਉਸ ਦਾ ਵੇਰਵਾ ਆਦਿ ਸਕੱਤਰ, ਉਪ-ਕੁਲਪਤੀ ਜੀ ਦੇ ਦਫਤਰ ਨੂੰ ਭੇਜਿਆ ਜਾਵੇ। ਇਸ਼ਤਿਹਾਰ ਦੀ ਕਾਪੀ ਭੇਜਦੇ ਹੋਏ ਆਸਾਮੀ ਦਾ ਕਾਰਨ ਅਤੇ ਵਿਸਤ੍ਰਿਤ ਜਾਣਕਾਰੀ ਦਿੱਤੀ ਜਾਵੇ। ਚੋਣ ਕਮੇਟੀ ਨੂੰ ਸਭ ਤੋਂ ਪਹਿਲਾਂ ਆਸਾਮੀ ਦੀ ਸਥਿਤੀ, ਕਿੰਨ੍ਹੀਆਂ ਆਸਾਮੀਆਂ ਇਸ਼ਤਿਹਾਰ ਵਿੱਚ ਦਿੱਤੀਆਂ ਗਈਆਂ ਹਨ, ਕਿੰਨ੍ਹੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਕਿੰਨ੍ਹੇ ਉਮੀਦਵਾਰਾਂ ਨੂੰ ਇੰਟਰਵਿਊ ਪੱਤਰ ਭੇਜੇ ਹਨ ਆਦਿ ਦਾ ਵੇਰਵਾ ਦੇਣਾ ਲਾਜ਼ਮੀ ਹੋਵੇਗਾ। ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨਿਰਧਾਰਿਤ ਪ੍ਰੋਫਾਰਮੇ ਉਤੇ ਭੇਜੀਆਂ ਜਾਣ, ਜਿਸ ਦੀ ਇਕ ਕਾਪੀ ਉਪ-ਕੁਲਪਤੀ ਸਾਹਿਬ ਦਾ ਨੁਮਾਇੰਦਾ ਦਸਤੀ ਨਾਲ ਲੈ ਕੇ ਆਵੇਗਾ। ਕਾਲਜ **ਅਸਿਸਟੈਂਟ ਪ੍ਰੋਫੈਸਰਾਂ** ਦੀ ਚੋਣ, ਯੂਨੀਵਰਸਿਟੀ ਵਲੋਂ ਨਿਰਧਾਰਿਤ ਵਿਦਿਅਕ ਯੋਗਤਾਵਾਂ, ਜੋ ਕਾਲਜਾਂ ਨੂੰ ਸਮੇਂ-ਸਮੇਂ ਸਿਰ ਭੇਜੀਆਂ ਜਾਂਦੀਆਂ ਹਨ, ਅਨੁਸਾਰ ਹੀ ਕੀਤੀ ਜਾਵੇ ਅਤੇ ਇਹ ਯੋਗਤਾਵਾਂ ਚੋਣ ਕਮੇਟੀ ਦੇ ਗਿਆਤ ਹਿੱਤ ਵੀ ਜ਼ਰੂਰ ਲਿਆਂਦੀਆਂ ਜਾਣ। ਕਾਲਜ **ਅਸਿਸਟੈਂਟ ਪ੍ਰੋਫੈਸਰ** ਦੀ

| | |
|---|---|
| ਸਬੰਧੀ ਵੇਰਵਾ-ਪੱਤਰ (ਟੀਚਰ ਰਿਟਰਨ) ਪੂਰੀ ਤਰ੍ਹਾਂ ਭਰ ਕੇ ਲੋੜੀਂਦੇ ਦਸਤਾਵੇਜ਼ ਨੱਥੀ ਕਰਕੇ, **ਲੈਕਚਰਾਰ** ਦੇ ਹਾਜ਼ਰ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਵਿੱਚ-ਵਿੱਚ ਨਿਮਨ-ਹਸਤਾਖਰੀ ਦੇ ਦਫਤਰ ਵਿਖੇ ਪ੍ਰਵਾਨਗੀ ਲਈ ਭੇਜਿਆ ਜਾਵੇ। **ਲੈਕਚਰਾਰ** ਦੀ ਚੋਣ ਸਬੰਧੀ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਦੀ ਤਸਦੀਕ-ਸ਼ੁਦਾ ਫੋਟੋ ਕਾਪੀ ਭੇਜੀ ਜਾਵੇ। ਕਾਪੀ ਵਿੱਚ ਅਖਬਾਰ ਦਾ ਨਾਮ ਅਤੇ ਮਿਤੀ ਵੀ ਆਉਣੀ ਜ਼ਰੂਰੀ ਹੈ। ਸਿਨਾਪਸਿਜ਼, ਜਿਸ ਵਿੱਚ ਬਾਕੀ ਵੇਰਵੇ ਤੋਂ ਇਲਾਵਾ ਹਾਜ਼ਰ ਬਿਨੈਕਾਰ ਦੇ ਹਸਤਾਖਰ ਲਏ ਗਏ ਹੋਣ ਅਤੇ ਸਾਰੇ ਬਿਨੈਕਾਰਾਂ ਦੇ ਪਤੇ ਵੀ ਦਿੱਤੇ ਗਏ ਹੋਣ, ਦੀ ਤਸਦੀਕ-ਸ਼ੁਦਾ ਕਾਪੀ ਵੀ ਭੇਜੀ ਜਾਵੇ। ਹਾਜ਼ਰੀ ਰਿਪੋਰਟ ਦੀ ਤਸਦੀਕ-ਸ਼ੁਦਾ ਕਾਪੀ ਭੇਜੀ ਜਾਵੇ, ਜਿਸ ਵਿੱਚ **ਲੈਕਚਰਾਰ** ਵਲੋਂ ਨਿਯੁਕਤੀ ਪੱਤਰ ਦਾ ਨੰਬਰ ਅਤੇ ਮਿਤੀ ਦਾ ਹਵਾਲਾ ਵੀ ਦਿੱਤਾ ਗਿਆ ਹੈ। ਚੋਣ ਕਮੇਟੀ ਦੀ ਕਾਰਵਾਈ ਜਿਸ ਦੇ ਸਾਰੇ ਕਾਲਮ ਚੰਗੀ ਤਰ੍ਹਾਂ ਭਰੇ ਹੋਣ ਦੀ ਤਸਦੀਕ-ਸ਼ੁਦਾ ਕਾਪੀ ਭੇਜੀ ਜਾਵੇ। **ਨਮੂਨੇ ਵਜੋਂ ਪ੍ਰੋਫਾਰਮੇ ਇਕ ਕਾਪੀ ਨੱਥੀ ਕੀਤੀ ਜਾਂਦੀ ਹੈ।** ਪ੍ਰੋਫਾਰਮਾ ਇਕ ਹੀ ਕਾਗਜ਼ ਦੇ ਦੋਨਾਂ ਪੰਨਿਆਂ ਤੇ ਛਪਿਆਂ ਹੋਣਾ ਚਾਹੀਦਾ ਹੈ, ਦੋ ਵੱਖ-ਵੱਖ ਕਾਗਜ਼ਾਂ ਤੇ ਨਾ ਛਪਵਾਇਆ ਜਾਵੇ। ਆਸਾਮੀ ਪੱਕੀ ਹੈ, ਤਾਂ ਇਕਰਾਰਨਾਮਾ ਜੋ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ, ਪੰਨਾ 34-37 ਤੇ ਦਿੱਤਾ ਗਿਆ ਹੈ, ਭੇਜਿਆ ਜਾਵੇ। **ਪ੍ਰਿੰਸੀਪਲ ਦੀ ਚੋਣ ਸਮੇਂ ਸਾਰੇ ਹੀ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਜਾਵੇਗਾ। ਰਜਿਸਟਰਡ ਡਾਕ/ਸਪੀਡ ਪੋਸਟ ਰਾਹੀਂ ਅਰਜ਼ੀਆਂ ਪ੍ਰਬੰਧਕੀ-ਕਮੇਟੀ ਨੂੰ ਅਤੇ ਉਸ ਦੀ ਇਕ ਕਾਪੀ ਰਜਿਸਟਰਡ/ਸਪੀਡ ਪੋਸਟ ਡਾਕ ਰਾਹੀਂ ਹੀ ਡੀਨ, ਕਾਲਜ ਵਿਕਾਸ ਕੌਂਸਲ ਨੂੰ ਭੇਜੀ ਜਾਵੇਗੀ।** | ਨਿਯੁਕਤੀ ਸਬੰਧੀ ਵੇਰਵਾ-ਪੱਤਰ (ਟੀਚਰ ਰਿਟਰਨ) ਪੂਰੀ ਤਰ੍ਹਾਂ ਭਰ ਕੇ ਲੋੜੀਂਦੇ ਦਸਤਾਵੇਜ਼ ਨੱਥੀ ਕਰਕੇ, **ਅਸਿਸਟੈਂਟ ਪ੍ਰੋਫੈਸਰ** ਦੇ ਹਾਜ਼ਰ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਵਿੱਚ-ਵਿੱਚ ਨਿਮਨ-ਹਸਤਾਖਰੀ ਦੇ ਦਫਤਰ ਵਿਖੇ ਪ੍ਰਵਾਨਗੀ ਲਈ ਭੇਜਿਆ ਜਾਵੇ। **ਅਸਿਸਟੈਂਟ ਪ੍ਰੋਫੈਸਰ** ਦੀ ਚੋਣ ਸਬੰਧੀ ਅਖਬਾਰਾਂ ਵਿੱਚ ਦਿੱਤੇ ਇਸ਼ਤਿਹਾਰ ਦੀ ਤਸਦੀਕ-ਸ਼ੁਦਾ ਫੋਟੋ ਕਾਪੀ ਭੇਜੀ ਜਾਵੇ। ਕਾਪੀ ਵਿੱਚ ਅਖਬਾਰ ਦਾ ਨਾਮ ਅਤੇ ਮਿਤੀ ਵੀ ਆਉਣੀ ਜ਼ਰੂਰੀ ਹੈ। ਸਿਨਾਪਸਿਜ਼, ਜਿਸ ਵਿੱਚ ਬਾਕੀ ਵੇਰਵੇ ਤੋਂ ਇਲਾਵਾ ਹਾਜ਼ਰ ਬਿਨੈਕਾਰ ਦੇ ਹਸਤਾਖਰ ਲਏ ਗਏ ਹੋਣ ਅਤੇ ਸਾਰੇ ਬਿਨੈਕਾਰਾਂ ਦੇ ਪਤੇ ਵੀ ਦਿੱਤੇ ਗਏ ਹੋਣ, ਦੀ ਤਸਦੀਕ-ਸ਼ੁਦਾ ਕਾਪੀ ਵੀ ਭੇਜੀ ਜਾਵੇ। ਹਾਜ਼ਰੀ ਰਿਪੋਰਟ ਦੀ ਤਸਦੀਕ-ਸ਼ੁਦਾ ਕਾਪੀ ਭੇਜੀ ਜਾਵੇ, ਜਿਸ ਵਿੱਚ **ਅਸਿਸਟੈਂਟ ਪ੍ਰੋਫੈਸਰ** ਵਲੋਂ ਨਿਯੁਕਤੀ ਪੱਤਰ ਦਾ ਨੰਬਰ ਅਤੇ ਮਿਤੀ ਦਾ ਹਵਾਲਾ ਵੀ ਦਿੱਤਾ ਗਿਆ ਹੋਵੇ। ਚੋਣ ਕਮੇਟੀ ਦੀ ਕਾਰਵਾਈ ਜਿਸ ਦੇ ਸਾਰੇ ਕਾਲਮ ਚੰਗੀ ਤਰ੍ਹਾਂ ਭਰੇ ਹੋਣ ਦੀ ਤਸਦੀਕ-ਸ਼ੁਦਾ ਕਾਪੀ ਭੇਜੀ ਜਾਵੇ। **ਚੋਣ ਕਮੇਟੀ ਦੇ ਪ੍ਰੋਫਾਰਮੇ ਦੀ ਕਾਪੀ CDC Portal ਤੇ ਮੌਜੂਦ ਹੈ।** ਪ੍ਰੋਫਾਰਮਾ ਇਕ ਹੀ ਕਾਗਜ਼ ਦੇ ਦੋਨਾਂ ਪੰਨਿਆਂ ਤੇ ਛਪਿਆਂ ਹੋਣਾ ਚਾਹੀਦਾ ਹੈ, ਦੋ ਵੱਖ-ਵੱਖ ਕਾਗਜ਼ਾਂ ਤੇ ਨਾ ਛਪਵਾਇਆ ਜਾਵੇ। ਆਸਾਮੀ ਪੱਕੀ ਹੈ ਤਾਂ ਇਕਰਾਰਨਾਮਾ ਜੋ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ, ਪੰਨਾ 34-37 ਤੇ ਦਿੱਤਾ ਗਿਆ ਹੈ, ਅਨੁਸਾਰ ਭੇਜਿਆ ਜਾਵੇ। **ਪ੍ਰਿੰਸੀਪਲ ਦੀ ਚੋਣ ਸਮੇਂ ਯੂਨੀਵਰਸਿਟੀ ਵਲੋਂ ਯੋਗ ਕਰਾਰ ਦਿੱਤੇ ਸਾਰੇ ਹੀ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਜਾਵੇ। ਰਜਿਸਟਰਡ ਡਾਕ/ਸਪੀਡ ਪੋਸਟ ਰਾਹੀਂ ਅਰਜ਼ੀਆਂ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਪ੍ਰਬੰਧਕੀ-ਕਮੇਟੀ ਨੂੰ ਭੇਜੀਆਂ ਜਾਣ ਅਤੇ ਪ੍ਰਿੰਸੀਪਲ ਦੀ ਆਸਾਮੀ ਲਈ ਬਿਨੈ-ਪੱਤਰ ਦੀ ਇਕ ਕਾਪੀ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਡੀਨ, ਕਾਲਜ ਵਿਕਾਸ ਕੌਂਸਲ ਨੂੰ ਵੀ ਭੇਜੀ ਜਾਵੇ।** |
| 4. **ਚੁਣੇ ਗਏ ਉਮੀਦਵਾਰਾਂ ਦੀ ਨਿਯੁਕਤੀ ਸਬੰਧੀ।** | 4. **ਚੁਣੇ ਗਏ ਉਮੀਦਵਾਰਾਂ ਦੀ ਨਿਯੁਕਤੀ ਸਬੰਧੀ ।** |
| ਚੁਣੇ ਗਏ ਉਮੀਦਵਾਰਾਂ ਦੀ ਨਿਯੁਕਤੀ ਦੀ ਪ੍ਰਵਾਨਗੀ ਦਾ ਕੇਸ ਉਮੀਦਵਾਰਾਂ ਵਲੋਂ ਡਿਊਟੀ ਉੱਤੇ ਹਾਜ਼ਰ ਹੋਣ ਉਪਰੰਤ 15 ਦਿਨਾਂ ਦੇ ਵਿੱਚ ਹੇਠ ਲਿਖੇ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਭੇਜਣਾ ਜ਼ਰੂਰੀ ਹੈ:- | ਚੁਣੇ ਗਏ ਉਮੀਦਵਾਰਾਂ ਦੀ ਨਿਯੁਕਤੀ ਦੀ ਪ੍ਰਵਾਨਗੀ ਦਾ ਕੇਸ ਉਮੀਦਵਾਰਾਂ ਵਲੋਂ ਡਿਊਟੀ ਉੱਤੇ ਹਾਜ਼ਰ ਹੋਣ ਉਪਰੰਤ 15 ਦਿਨਾਂ ਦੇ ਵਿੱਚ ਹੇਠ ਲਿਖੇ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਭੇਜਣਾ ਜ਼ਰੂਰੀ ਹੈ:- |
| 1. **ਅਖਬਾਰ ਵਿੱਚ ਦਿੱਤੇ ਇਸ਼ਤਿਹਾਰ ਦੀ ਕਟਿੰਗ ਦੀ ਫੋਟੋ ਕਾਪੀ** (ਅਖਬਾਰਾਂ ਦਾ ਨਾਂ ਅਤੇ ਮਿਤੀ ਸਹਿਤ)। | 1. **ਅਖਬਾਰ ਵਿੱਚ ਦਿੱਤੇ ਇਸ਼ਤਿਹਾਰ ਦੀ ਕਟਿੰਗ ਦੀ ਤਸਦੀਕ-ਸ਼ੁਦਾ ਫੋਟੋ ਕਾਪੀ** (ਅਖਬਾਰਾਂ ਦਾ ਨਾਂ ਅਤੇ ਮਿਤੀ ਸਹਿਤ)। |
| 2. ਨਿਯੁਕਤੀ ਪੱਤਰ ਦੀ ਤਸਦੀਕ-ਸ਼ੁਦਾ ਕਾਪੀ। | 2. ਨਿਯੁਕਤੀ ਪੱਤਰ ਦੀ ਤਸਦੀਕ-ਸ਼ੁਦਾ ਕਾਪੀ। |

| | |
|---|---|
| 3. ਮੈਟ੍ਰਿਕ, ਬੈਚੂਲਰ ਦੀ ਡਿਗਰੀ, ਅੰਕ ਵੇਰਵਾ ਕਾਰਡ ਸਹਿਤ, ਮਾਸਟਰ ਦੀ ਡਿਗਰੀ, ਅੰਕ ਵੇਰਵਾ ਕਾਰਡ ਸਹਿਤ, ਐਮ.ਫਿਲ/ਪੀ.ਐਚ.ਡੀ ਦੀ ਡਿਗਰੀ। | 3. ਮੈਟ੍ਰਿਕ, ਬੈਚੂਲਰ ਡਿਗਰੀ, ਅੰਕ ਵੇਰਵਾ ਕਾਰਡ ਸਹਿਤ, ਮਾਸਟਰ ਡਿਗਰੀ, ਅੰਕ ਵੇਰਵਾ ਕਾਰਡ ਸਹਿਤ, ਐਮ.ਫਿਲ/ਪੀ.ਐਚ.ਡੀ ਦੀ ਡਿਗਰੀ ।<br>**ਨੋਟ:- ਸਾਰੇ ਹੀ ਅਸਲ ਅਕਾਦਮਿਕ ਸਰਟੀਫਿਕੇਟ ਭੇਜੇ ਜਾਣ ਅਤੇ ਉਹਨਾਂ ਦੀਆਂ ਤਸਦੀਕ-ਸ਼ੁਦਾ ਫੋਟੋ ਕਾਪੀਆਂ ਵੀ ਭੇਜੀਆਂ ਜਾਣ।** |
| 4. ਪਾਤਰਤਾ ਟੈਸਟ ਪਾਸ ਦਾ ਸਰਟੀਫਿਕੇਟ। | 4. ਪਾਤਰਤਾ ਟੈਸਟ ਪਾਸ ਦਾ ਸਰਟੀਫਿਕੇਟ। |
| 5. ਜੁਆਈਨਿੰਗ ਰਿਪੋਰਟ। | 5. ਜੁਆਈਨਿੰਗ ਰਿਪੋਰਟ। |
| 6. ਸਿਲੈਕਸ਼ਨ ਕਮੇਟੀ ਦੀ ਕਾਰਵਾਈ ਦੀ ਕਾਪੀ। | 6. ਸਿਲੈਕਸ਼ਨ ਕਮੇਟੀ ਦੀ ਕਾਰਵਾਈ ਦੀ ਕਾਪੀ। |
| 7. ਜੇਕਰ ਛੁੱਟੀ ਦੀ ਆਸਾਮੀ ਵਿੱਚ ਨਿਯੁਕਤੀ ਕੀਤੀ ਹੈ ਤਾਂ ਛੁੱਟੀ ਦਾ ਸਮਾਂ, ਛੁੱਟੀ ਦੀ ਅਰਜ਼ੀ ਦੀ ਮਿਤੀ, ਛੁੱਟੀ ਵਿੱਚ ਕੀਤੇ ਵਾਧੇ ਦੀ ਕਾਪੀ ਅਤੇ ਛੁੱਟੀ ਦਾ ਪੂਰਾ ਸਮਾਂ ਦਸਿਆ ਜਾਵੇ। | 7. ਜੇਕਰ ਛੁੱਟੀ ਦੀ ਆਸਾਮੀ ਅਧੀਨ ਨਿਯੁਕਤੀ ਕੀਤੀ ਹੈ ਤਾਂ ਛੁੱਟੀ ਦਾ ਸਮਾਂ, ਛੁੱਟੀ ਦੀ ਅਰਜ਼ੀ ਦੀ ਮਿਤੀ, ਛੁੱਟੀ ਵਿੱਚ ਕੀਤੇ ਵਾਧੇ ਦੀ ਕਾਪੀ ਅਤੇ ਛੁੱਟੀ ਦਾ ਪੂਰਾ ਸਮਾਂ ਦਸਿਆ ਜਾਵੇ। |
| 8. **ਹਾਜ਼ਰ ਹੋਏ ਉਮੀਦਵਾਰਾਂ ਦੇ ਹਸਤਾਖਰਾਂ ਸਮੇਤ ਤਸਦੀਕ-ਸ਼ੁਦਾ ਕਾਪੀ।** | 8. **ਇੰਟਰਵਿਊ ਵਿੱਚ ਹਾਜ਼ਰ ਹੋਏ ਉਮੀਦਵਾਰਾਂ ਦੇ ਹਸਤਾਖਰਾਂ ਸਮੇਤ ਸੂਚੀ ਦੀ ਤਸਦੀਕ-ਸ਼ੁਦਾ ਕਾਪੀ।** |
| 9. ਸਕੋਰ ਕਾਰਡ ਦੀ ਤਸਦੀਕ-ਸ਼ੁਦਾ ਕਾਪੀ। | 9. ਸਕੋਰ ਕਾਰਡ ਦੀ ਤਸਦੀਕ-ਸ਼ੁਦਾ ਕਾਪੀ। |
| | 10. **ਇੰਟਰਵਿਊ ਤੇ ਬੁਲਾਉਣ ਲਈ ਉਮੀਦਵਾਰਾਂ ਨੂੰ ਪਾਏ ਗਏ ਰਜਿਸਟਰਡ ਪੱਤਰਾਂ ਦੀ ਕਾਪੀ, ਡਾਕਖਾਨੇ ਵਲੋਂ ਪ੍ਰਾਪਤ ਰਸੀਦਾਂ ਦੀ ਤਸਦੀਕ-ਸ਼ੁਦਾ ਕਾਪੀ।** |
| | 11. **ਇਕਰਾਰਨਾਮਾ ਜੋ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ, ਪੰਨਾ 34-37 ਤੇ ਦਿੱਤਾ ਗਿਆ ਹੈ, ਅਨੁਸਾਰ ਭੇਜਿਆ ਜਾਵੇ।** |
| | 12. **ਟੀਚਰ ਰਿਟਰਨ ਦਾ ਪ੍ਰੋਫਾਰਮਾ ਅਤੇ ਇਸ ਦੀ ਫੀਸ CDC Portal ਤੇ Online ਭਰੀ ਜਾਵੇ ਅਤੇ ਇਸ ਦੇ ਨਾਲ ਲੋੜੀਂਦੇ ਦਸਤਾਵੇਜ਼ ਵੀ CDC Portal ਤੇ ਅਪਲੋਡ ਕੀਤੇ ਜਾਣ। ਇਸ ਤੋਂ ਇਲਾਵਾ ਸਮੁੱਚਾ ਅਪਰੂਵਲ ਕੇਸ (ਦਸਤਾਵੇਜ਼ਾਂ ਸਮੇਤ) ਡਾਕ ਰਾਹੀਂ ਵੀ CDC ਦਫਤਰ ਵਿਖੇ ਭੇਜਿਆ ਜਾਵੇ।** |

(ਡੀਨ, ਵਿਦਿਅਕ ਮਾਮਲੇ)

(ਰਜਿਸਟਰਾਰ)

(ਡੀਨ, ਕਾਲਜ ਵਿਕਾਸ ਕੌਂਸਲ)

(ਡਾ. ਗੁਰਪਿੰਦਰ ਸਿੰਘ ਸਮਰਾ)